Financial support – help with costs: Punjabi

# ਵਿੱਤੀ ਸਹਾਇਤਾ – ਖਰਚਿਆਂ ਵਿੱਚ ਮਦਦ

ਇਹ ਜਾਣਕਾਰੀ ਕੈਂਸਰ ਹੋਣ ਦੇ ਖਰਚਿਆਂ ਵਿੱਚ ਮਦਦ ਕਰਨ ਬਾਰੇ ਹੈ। ਇਸ ਜਾਣਕਾਰੀ ਵਿੱਚ ਸ਼ਾਮਲ ਹੈ:

- ਪਰਿਵਹਨ ਲਾਗਤਾਂ ਵਿੱਚ ਮਦਦ
- ਡਾਕਟਰ ਦੀਆਂ ਲਿਖੀਆਂ ਦਵਾਈਆਂ ਅਤੇ ਹੋਰਨਾਂ ਸਿਹਤ-ਸਬੰਧੀ ਖਰਚਿਆਂ ਵਿੱਚ ਮਦਦ
- ਮਾਪਿਆਂ ਲਈ ਸਹਾਇਤਾ
- ਅਨੁਦਾਨ ਅਤੇ ਕਰਜੇ

ਸਾਨੂੰ ਉਮੀਦ ਹੈ ਕਿ ਇਹ ਤੱਥ ਸ਼ੀਟ ਤੁਹਾਡੇ ਸਵਾਲਾਂ ਦੇ ਜਵਾਬ ਦਿੰਦੀ ਹੈ।

ਤੁਸੀਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਰਾਤ 8 ਵਜੇ ਤਕ ਮੁਫ਼ਤ-ਫੋਨ **0808 808 00 00**ਤੇ, ਮੈਕਮਿਲਨ ਕੈਂਸਰ ਸੁਪੋਰਟ (Macmillan Cancer Support) ਨੂੰ ਵੀ ਕਾਲ ਕਰ ਸਕਦੇ ਹੋ। ਸਾਡੇ ਕੋਲ ਦੁਭਾਸ਼ੀਏ ਹਨ, ਇਸਲਈ ਤੁਸੀਂ ਸਾਡੇ ਨਾਲ ਆਪਣੀ ਖੁਦ ਦੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਜਦੋਂ ਤੁਸੀਂ ਸਾਨੂੰ ਕਾਲ ਕਰੋ, ਕਿਰਪਾ ਕਰਕੇ ਸਾਨੂੰ ਅੰਗ੍ਰੇਜ਼ੀ ਵਿੱਚ ਦੱਸੋ ਕਿ ਤੁਹਾਨੂੰ ਕਿਸ ਭਾਸ਼ਾ ਦੀ ਲੋੜ ਹੈ (ਕਹੋ "ਪੰਜਾਬੀ" Punjabi)।

ਇਸ ਵੈਬਸਾਈਟ ਤੇ ਦੂਜੀਆਂ ਭਾਸ਼ਾਵਾਂ ਵਿੱਚ ਹੋਰ ਜਾਣਕਾਰੀ ਉਪਲਬਧ ਹੈ macmillan.org.uk/translations

## ਪਰਿਵਹਨ ਲਾਗਤਾਂ ਵਿੱਚ ਮਦਦ

- ਜੇ ਤੁਹਾਡੀ ਆਮਦਨੀ ਘੱਟ ਹੈ, ਤਾਂ ਤੁਸੀਂ ਆਪਣੇ ਇਲਾਜ ਲਈ ਹਸਪਤਾਲ ਆਉਣ-ਜਾਣ ਦੇ ਖਰਚੇ ਵਿੱਚ ਮਦਦ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਤੁਸੀਂ ਆਪਣੇ ਬਸ, ਰੇਲਗੱਡੀ ਜਾਂ ਟੈਕਸੀ ਭਾੜੇ ਦੇ ਰਿਫੰਡ ਪ੍ਰਾਪਤ ਕਰ ਸਕਦੇ ਹੋ। ਜਾਂ ਤੁਸੀਂ ਪੈਟਰੋਲ ਭਰਣ ਵਿੱਚ ਮਦਦ ਲਈ ਪੈਸੇ ਪ੍ਰਾਪਤ ਕਰ ਸਕਦੇ ਹੋ। ਕੈਂਸਰ ਪੀੜਤ ਲੋਕ ਜ਼ਿਆਦਾਤਰ ਹਸਪਤਾਲਾਂ ਵਿੱਚ ਮੁਫ਼ਤ ਪਾਰਕਿੰਗ ਪ੍ਰਾਪਤ ਕਰਦੇ ਹਨ। ਵਧੇਰੇ ਜਾਣਕਾਰੀ ਲਈ ਹਸਪਤਾਲ ਵਿੱਚ ਮੌਜੂਦ ਸਟਾਫ਼ ਨਾਲ ਗੱਲ ਕਰੋ।

- ਕੁਝ ਬਜ਼ੁਰਗ ਲੋਕਾਂ ਅਤੇ ਅਸਮਰਥਤਾ ਵਾਲੇ ਲੋਕਾਂ ਲਈ ਬਸ, ਕੋਚ ਅਤੇ ਰੇਲਗੱਡੀ ਦੀਆਂ ਟਿਕਟਾਂ ਲਈ ਖਾਸ ਦਰਾਂ ਹੁੰਦੀਆਂ ਹਨ। ਵਧੇਰੇ ਜਾਣਕਾਰੀ ਲਈ **gov.uk** ਜਾਂ **indirect.gov.uk** ਤੇ ਜਾਓ।

- ਜੇ ਤੁਹਾਨੂੰ ਇੱਦਰ-ਉੱਧਰ ਤੁਰਣ-ਫਿਰਣ ਵਿੱਚ ਸਮੱਸਿਆ ਹੈ, ਤਾਂ ਤੁਸੀਂ ਬਲੂ ਬੈਜ (Blue Badge) ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਇਸਦਾ ਮਤਲਬ ਹੈ ਕਿ ਤੁਸੀਂ ਉਸ ਥਾਂ ਤੇ ਆਪਣੀ ਗੱਡੀ ਪਾਰਕ (ਖੜ੍ਹੀ) ਕਰ ਸਕਦੇ ਹੋ ਜੋ ਉਸ ਥਾਂ ਦੇ ਕੋਲ ਹੈ ਜਿੱਥੇ ਤੁਸੀਂ ਜਾਣਾ ਹੈ, ਜਿਵੇਂ ਹਸਪਤਾਲ ਜਾਂ ਸੁਪਰਮਾਰਕਿਟਾਂ। ਵਧੇਰੇ ਜਾਣਕਾਰੀ ਲਈ, **gov.uk** ਜਾਂ **indirect.gov.uk** ਤੇ ਜਾਓ।

# ਡਾਕਟਰ ਦੀਆਂ ਲਿਖੀਆਂ ਦਵਾਈਆਂ ਅਤੇ ਹੋਰਨਾਂ ਸਿਹਤ-ਸਬੰਧੀ ਖਰਚਿਆਂ ਵਿੱਚ ਮਦਦ

- ਕੈਂਸਰ ਪੀੜਤ ਲੋਕਾਂ ਲਈ ਨੁਸਖੇ ਮੁਫ਼ਤ ਹਨ। ਤੁਹਾਨੂੰ ਫਾਰਮ ਭਰਣਾ ਹੋਏਗਾ, ਜੋ ਤੁਸੀਂ ਆਪਣੀ ਜੀਪੀ ਸਰਜਰੀ ਜਾਂ ਹਸਪਤਾਲ ਤੋਂ ਲੈ ਸਕਦੇ ਹੋ।

- ਵੇਲਸ ਅਤੇ ਨੋਰਦਰਨ ਆਇਰਲੈਂਡ ਵਿੱਚ, ਵਿਗ (ਨਕਲੀ ਵਾਲ) ਅਤੇ ਕੱਪੜੇ ਸਬੰਧੀ ਮਦਦ ਹਰ ਕਿਸੇ ਲਈ ਮੁਫ਼ਤ ਉਪਲਬਧ ਹੈ। ਇੰਗਲੈਂਡ ਅਤੇ ਸਕਾਟਲੈਂਡ ਵਿੱਚ, ਇਹ 16 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਅਤੇ ਘੱਟ ਆਮਦਨੀ ਵਾਲੇ ਲੋਕਾਂ ਸਮੇਤ ਕੁਝ ਲੋਕਾਂ ਲਈ ਮੁਫ਼ਤ ਹਨ। ਵਧੇਰੇ ਜਾਣਕਾਰੀ ਲਈ ਆਪਣੀ ਕੈਂਸਰ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

- ਐਨਐਚਐਸ ਦੀ ਘੱਟ ਆਮਦਨੀ ਸਕੀਮ (NHS Low Income Scheme) ਘੱਟ ਆਮਦਨੀ ਵਾਲੇ ਲੋਕਾਂ ਦੇ ਸਿਹਤ-ਸਬੰਧੀ ਖਰਚਿਆਂ ਦਾ ਭੁਗਤਾਨ ਕਰਨ ਵਿੱਚ ਮਦਦ ਕਰਦੀ ਹੈ। ਇਸ ਵਿੱਚ ਦੰਦਾਂ ਦਾ ਇਲਾਜ, ਨਜ਼ਰ ਦੀ ਜਾਂਚ ਅਤੇ ਇਲਾਜ ਪ੍ਰਾਪਤ ਕਰਨ ਲਈ ਯਾਤਰਾ ਵਿੱਚ ਮਦਦ ਸ਼ਾਮਲ ਹੈ। ਇਸਨੂੰ NHS, ਜਾਂ ਨੋਰਦਰਨ ਆਇਰਲੈਂਡ ਵਿੱਚ ਹੈਲਥ ਸਰਵਿਸ ਦੁਆਰਾ ਚਲਾਇਆ ਜਾਂਦਾ ਹੈ।

# ਮਾਪਿਆਂ ਲਈ ਸਹਾਇਤਾ

- **ਬਾਲ-ਦੇਖਭਾਲ ਵਾਉਚਰ** ਦੇ ਨਾਲ ਤੁਸੀਂ ਆਪਣੀ ਆਮਦਨੀ ਤੋਂ ਬਾਲ-ਦੇਖਭਾਲ ਲਈ ਭੁਗਤਾਨ ਕਰ ਸਕਦੇ ਹੋ, ਕਰ ਅਤੇ ਰਾਸ਼ਟਰੀ ਬੀਮਾ ਕੱਢਣ ਤੋਂ ਪਹਿਲਾਂ। ਇਹ ਤੁਹਾਡੇ ਪੈਸੇ ਦੀ ਬਚਤ ਕਰਦਾ ਹੈ ਜੇ ਤੁਹਾਨੂੰ ਕਿਸੇ ਅਪੌਇੰਟਮੈਂਟ ਤੇ ਜਾਣ ਜਾਂ ਇਲਾਜ ਕਰਵਾਉਣ ਸਮੇਂ ਬਾਲ-ਦੇਖਭਾਲ ਦੀ ਵਿਵਸਥਾ ਕਰਨ ਦੀ ਲੋੜ ਹੈ, ਜਾਂ ਉਦੋਂ ਜਦੋਂ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ। ਤੁਸੀਂ ਚੈਰਿਟੀ ਜਾਂ ਆਪਣੀ ਸਥਾਨਕ ਕੌਂਸਲ ਤੋਂ ਵੀ ਬਾਲ-ਦੇਖਭਾਲ ਲਾਗਤਾਂ ਵਿੱਚ ਮਦਦ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ।

- ਜੇ ਤੁਹਾਡਾ ਬੱਚਾ ਸਕੂਲ ਵਿੱਚ ਹੈ, ਤਾਂ ਉਹ ਸਕੂਲ ਵਿੱਚ ਮੁਫ਼ਤ ਭੋਜਨ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹਨ। ਤੁਸੀਂ ਸਕੂਲ ਦੀ ਵਰਦੀ, ਅਤੇ ਸਕੂਲ ਆਉਣ-ਜਾਣ ਦੇ ਖਰਚੇ ਦੇ ਭੁਗਤਾਨ ਵਿੱਚ ਵੀ ਮਦਦ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਵਧੇਰੇ ਜਾਣਕਾਰੀ ਲਈ ਆਪਣੀ ਸਥਾਨਕ ਕੌਂਸਲ ਨੂੰ ਪੁੱਛੋ।

# ਅਨੁਦਾਨ ਅਤੇ ਕਰਜੇ

- **ਮੈਕਮਿਲਨ ਅਨੁਦਾਨ (Macmillan Grants)** ਉਨ੍ਹਾਂ ਲੋਕਾਂ ਲਈ ਛੋਟੇ ਭੁਗਤਾਨ ਹੁੰਦੇ ਹਨ ਜਿਨ੍ਹਾਂ ਨੂੰ ਕੈਂਸਰ ਦੇ ਕਾਰਨ ਹੋਣ ਵਾਲੇ ਵਾਧੂ ਖਰਚਿਆਂ ਵਿੱਚ ਮਦਦ ਦੀ ਲੋੜ ਹੁੰਦੀ ਹੈ। ਇਹ ਵਾਧੂ ਕੱਪੜੇ ਜਾਂ ਹੀਟਿੰਗ ਬਿਲਾਂ ਦਾ ਭੁਗਤਾਨ ਕਰਨ ਵਿੱਚ ਮਦਦ ਹੋ ਸਕਦੀ ਹੈ। ਇਹ ਉਨ੍ਹਾਂ ਲੋਕਾਂ ਲਈ ਹਨ ਜਿਨ੍ਹਾਂ ਨੂੰ ਘੱਟ ਪੱਧਰ ਦੀ ਆਮਦਨੀ ਅਤੇ ਬਚਤਾਂ ਹਨ। ਇਸਦਾ ਮਤਲਬ ਹੈ:
  - ਜੇ ਤੁਸੀਂ ਅਵਿਵਾਹਿਤ ਹੋ ਤਾਂ ਤੁਹਾਡੀ ਬਚਤ £6,000 ਤੋਂ ਘੱਟ ਹੈ, ਜਾਂ ਜੋੜਾ ਜਾਂ ਪਰਿਵਾਰ ਵਜੋਂ ਇਹ £8,000 ਤੋਂ ਘੱਟ ਹੈ।

  - ਤੁਹਾਡੇ ਦੁਆਰਾ ਕਿਰਾਏ, ਕਰਜੇ ਅਤੇ ਕੌਂਸਲ ਟੈਕਸ ਨੂੰ ਭਰਣ ਤੋਂ ਬਾਅਦ ਤੁਹਾਡੀ ਕੁੱਲ ਆਮਦਨੀ ਘੱਟ ਹੈ। ਇਸਦਾ ਮਤਲਬ ਹੈ ਕਿ ਹਫ਼ਤਾਵਾਰ ਆਮਦਨੀ, ਅਵਿਵਾਹਿਤ ਵਿਅਕਤੀ ਲਈ £170 ਹੈ, ਜੋੜੇ ਜਾਂ ਦੋ ਲੋਕਾਂ ਦੇ ਪਰਿਵਾਰ ਲਈ £289 ਹੈ, ਹਰੇਕ ਬੱਚੇ ਲਈ £85 ਹੈ, ਅਤੇ ਹਰੇਕ ਅਤਿਰਿਕਤ ਵਿਅਸਕ ਲਈ £119 ਹੈ।

- ਤੁਸੀਂ ਹੋਰਨਾਂ ਸਰੋਤਾਂ ਤੋਂ ਅਨੁਦਾਨ ਜਾਂ ਕਰਜੇ ਲੈਣ ਦੇ ਵੀ ਯੋਗ ਹੋ ਸਕਦੇ ਹੋ। ਮਿਸਾਲ ਦੇ ਤੌਰ ਤੇ, ਦਾਨੀ ਸੰਸਥਾਵਾਂ ਜਾਂ ਤੁਹਾਡੀ ਸਥਾਨਕ ਕੌਂਸਲ ਮਦਦ ਕਰ ਸਕਦੇ ਹਨ।

# ਮੈਕਮਿਲਨ ਕਿਵੇਂ ਮਦਦ ਕਰ ਸਕਦੀ ਹੈ

ਮੈਕਮਿਲਨ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰਨ ਲਈ ਮੌਜੂਦ ਹੈ। ਤੁਸੀਂ ਇੱਥੋਂ ਮਦਦ ਪ੍ਰਾਪਤ ਕਰ ਸਕਦੇ ਹੋ:

- ਮੈਕਮਿਲਨ (Macmillan) ਸੁਪੋਰਟ ਲਾਈਨ। ਸਾਡੇ ਕੋਲ ਦੁਭਾਸ਼ੀਏ ਹਨ, ਇਸਲਈ ਤੁਸੀਂ ਸਾਡੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਬਸ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਰਾਤ 8 ਵਜੇ ਤਕ **0808 808 00 00** ਤੇ ਕਾਲ ਕਰੋ।

- ਮੈਕਮਿਲਨ (Macmillan) ਵੈਬਸਾਈਟ। ਕੈਂਸਰ ਅਤੇ ਕੈਂਸਰ ਦੇ ਨਾਲ ਜਿਉਣ ਬਾਰੇ ਅੰਗ੍ਰੇਜ਼ੀ ਵਿੱਚ ਕਾਫੀ ਸਾਰੀ ਜਾਣਕਾਰੀ ਲਈ ਵੈਬਸਾਈਟ **macmillan.org.uk** ਤੇ ਜਾਓ। ਇਸ ਵੈਬਸਾਈਟ ਤੇ ਦੂਜੀਆਂ ਭਾਸ਼ਾਵਾਂ ਵਿੱਚ ਹੋਰ ਜਾਣਕਾਰੀ ਉਪਲਬਧ ਹੈ **macmillan.org.uk/translations**

- ਜਾਣਕਾਰੀ ਕੇਂਦਰ। ਜਾਣਕਾਰੀ ਕੇਂਦਰ ਵਿਖੇ, ਤੁਸੀਂ ਕੈਂਸਰ ਸੁਪੋਰਟ ਦੇ ਮਾਹਰ ਨਾਲ ਗੱਲ ਕਰ ਸਕਦੇ ਹੋ ਅਤੇ ਲਿਖਤੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇਸ ਵੈਬਸਾਈਟ ਤੇ ਜਾ ਕੇ ਆਪਣੇ ਨੇੜਲੇ ਕੇਂਦਰ ਦਾ ਪਤਾ ਲਗਾਓ **macmillan.org.uk/informationcentres** ਜਾਂ ਸਾਨੂੰ ਕਾਲ ਕਰੋ। ਤੁਹਾਡੇ ਹਸਪਤਾਲ ਦੇ ਅੰਦਰ ਵੀ ਇਸਦਾ ਕੇਂਦਰ ਹੋ ਸਕਦਾ ਹੈ।

- ਸਥਾਨਕ ਸਹਾਇਤਾ ਸਮੂਹ। **macmillan.org.uk/supportgroups** ਤੇ ਜਾ ਕੇ ਆਪਣੇ ਨੇੜਲੇ ਸਮੂਹ ਦਾ ਪਤਾ ਲਗਾਓ ਜਾਂ ਸਾਨੂੰ ਕਾਲ ਕਰੋ।

- ਮੈਕਮਿਲਨ ਆਨਲਾਈਨ ਕਮਿਊਨਿਟੀ । ਤੁਸੀਂ ਇਸ ਵੈਬਸਾਈਟ ਤੇ ਜਾ ਕੇ ਇਹੋ ਜਿਹੀ ਸਥਿਤੀਆਂ ਵਾਲੇ ਦੂਜੇ ਲੋਕਾਂ ਨਾਲ ਗੱਲ ਕਰ ਸਕਦੇ ਹੋ **macmillan.org.uk/community**

# ਪੰਜਾਬੀ ਵਿੱਚ ਵਧੇਰੇ ਜਾਣਕਾਰੀ

ਇਨ੍ਹਾਂ ਵਿਸ਼ਿਆਂ ਬਾਰੇ ਸਾਡੇ ਕੋਲ ਪੰਜਾਬੀ ਵਿੱਚ ਜਾਣਕਾਰੀ ਹੈ:

ਕੈਂਸਰ ਦੀਆਂ ਕਿਸਮਾਂ

- ਛਾਤੀ ਦਾ ਕੈਂਸਰ
- ਵੱਡੀ ਅੰਤੜੀ ਦਾ ਕੈਂਸਰ
- ਫੇਫੜੇ ਦਾ ਕੈਂਸਰ
- ਪ੍ਰੋਸਟੇਟ ਕੈਂਸਰ

ਇਲਾਜ

- ਕੀਮੋਥੈਰੇਪੀ
- ਰੇਡੀਓਥੈਰੇਪੀ
- ਸਰਜਰੀ

ਕੈਂਸਰ ਨਾਲ ਜੂਝਣਾ

- ਜੇ ਤੁਹਾਡੀ ਰੋਗ-ਪਛਾਣ ਕੈਂਸਰ ਦੇ ਨਾਲ ਕੀਤੀ ਗਈ ਹੈ – ਇੱਕ ਤਤਕਾਲ ਪੁਸਤਿਕਾ
- ਖਾਣ-ਪੀਣ ਸਬੰਧੀ ਸਮੱਸਿਆਵਾਂ ਅਤੇ ਕੈਂਸਰ
- ਜੀਵਨ ਦਾ ਅੰਤ
- ਸਿਹਤਮੰਦ ਭੋਜਨ
- ਥਕਾਵਟ (ਥਕੇਵਾਂ) ਅਤੇ ਕੈਂਸਰ
- ਕੈਂਸਰ ਦੇ ਇਲਾਜ ਦੇ ਮਾੜੇ ਪ੍ਰਭਾਵ
- ਤੁਸੀਂ ਆਪਣੀ ਖੁਦ ਦੀ ਮਦਦ ਕਰਨ ਲਈ ਕੀ ਕਰ ਸਕਦੇ ਹੋ
- ਪੈਸਾ ਅਤੇ ਕੈਂਸਰ – ਬੈਨਿਫਿਟਸ

ਇਸ ਜਾਣਕਾਰੀ ਨੂੰ ਦੇਖਣ ਲਈ, ਇਸ ਵੈਬਸਾਈਟ ਤੇ ਜਾਓ **macmillan.org.uk/translations**

ਪੰਜਾਬੀ ਵਿੱਚ ਸਾਡੇ ਨਾਲ ਗੱਲ ਕਰੋ

ਤੁਸੀਂ ਮੈਕਮਿਲਨ ਨੂੰ **0808 808 00 00** ਤੇ ਮੁਫ਼ਤ ਕਾਲ ਕਰ ਸਕਦੇ ਹੋ ਅਤੇ ਦੁਭਾਸ਼ੀਏ ਰਾਹੀਂ ਆਪਣੀ ਖੁਦ ਦੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰ ਸਕਦੇ ਹੋ। ਤੁਸੀ ਆਪਣੀਆਂ ਚਿੰਤਾਵਾਂ ਬਾਰੇ ਸਾਡੇ ਨਾਲ ਗੱਲ ਕਰ ਸਕਦੇ ਹੋ ਅਤੇ ਡਾਕਟਰੀ ਸਵਾਲ ਪੁੱਛ ਸਕਦੇ ਹੋ। ਸਿਰਫ ਸਾਨੂੰ ਅੰਗ੍ਰੇਜ਼ੀ ਵਿੱਚ ਉਸ ਭਾਸ਼ਾ ਦਾ ਨਾਮ ਦੱਸੋ ਜੋ ਤੁਸੀਂ ਵਰਤਣਾ ਚਾਹੁੰਦੇ ਹੋ।

ਅਸੀਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 8 ਵਜੇ ਤਕ ਖੁੱਲ੍ਹੇ ਹਾਂ।

# ਹਵਾਲੇ ਅਤੇ ਧੰਨਵਾਦ

ਇਸ ਜਾਣਕਾਰੀ ਨੂੰ ਮੈਕਮਿਲਨ ਕੈਂਸਰ ਸਹਾਇਤਾ ਦੀ ਕੈਂਸਰ ਜਾਣਕਾਰੀ ਵਿਕਾਸ (Macmillan Cancer Support's Cancer Information Development) ਦੀ ਟੀਮ ਦੁਆਰਾ ਲਿਖਿਆ ਅਤੇ ਸੰਸ਼ੋਧਿਤ ਕੀਤਾ ਗਿਆ ਹੈ।

ਇਹ ਜਾਣਕਾਰੀ ਮੈਕਮਿਲਨ ਪੁਸਤਿਕਾ *Help with the cost of cancer (ਕੈਂਸਰ ਦੇ ਖਰਚੇ ਵਿੱਚ ਮਦਦ)* ਉੱਤੇ ਆਧਾਰਿਤ ਹੈ। ਅਸੀਂ ਤੁਹਾਨੂੰ ਕਾਪੀ ਭੇਜ ਸਕਦੇ ਹਾਂ, ਪਰ ਪੂਰੀ ਪੁਸਤਿਕਾ ਸਿਰਫ ਅੰਗ੍ਰੇਜ਼ੀ ਵਿੱਚ ਹੀ ਉਪਲਬਧ ਹੈ।

ਇਸ ਜਾਣਕਾਰੀ ਦੀ ਸਮੀਖਿਆ ਸਬੰਧਤ ਮਾਹਰਾਂ ਦੁਆਰਾ ਕੀਤੀ ਗਈ ਹੈ ਅਤੇ ਇਸਨੂੰ ਮੈਕਮਿਲਨ ਸਹਾਇਤਾ ਪ੍ਰੋਗਰਾਮ ਦੇ ਮੁਖੀ (Macmillan Financial Support Programme Lead), ਨੀਲ ਸਾਊਥਵਿਕ (Neal Southwick) ਦੁਆਰਾ ਮਨਜ਼ੂਰ ਕੀਤਾ ਗਿਆ ਹੈ।

ਧੰਨਵਾਦ ਸਹਿਤ: ਰੋਇ ਬੀਸਨ (Roy Beeson), ਸਲਾਹ ਸੇਵਾ ਪ੍ਰਬੰਧਕ, ਡਿਸਐਬਿਲਟੀ ਸੋਲਊਸ਼ੰਜ਼ ਵੈਸਟ ਮਿਡਲੈਂਡਸ; ਜਸਟਿਨ ਬਰਟਨ (Justine Burton), ਮੈਕਮਿਲਨ (Macmillan) ਵੈਲਫੇਅਰ ਰਾਈਟਸ ਟੀਮ ਟੈਕਨਿਕਲ ਲੀਡ; ਡੈਨਿਸੇ ਫੋਰਡ (Denise Forde), ਮੈਕਮਿਲਨ (Macmillan) ਵੈਲਫੇਅਰ ਰਾਈਟਸ ਸਲਾਹਕਾਰ, ਐਨਥਨੀ ਮਾਰਟਿਨ (Anthony Martin), ਮੈਕਮਿਲਨ (Macmillan) ਬੈਨਿਫਿਟ ਸਰਵਿਸ ਪਾਰਟਨਰਸ਼ਿਪ ਮੈਨੇਜਰ; ਐਨਡ੍ਰਿਊ ਮੋਨਟਗੋਮੇਰੀ (Andrew Montgomery), ਮੈਕਮਿਲਨ (Macmillan) ਬੈਨਿਫਿਟ ਸਰਵਿਸ ਪਾਰਟਨਰਸ਼ਿਪ ਮੈਨੇਜਰ; ਅਤੇ ਟਿਨਾ ਸਮਿਥ (Tina Smith), ਮੈਕਮਿਲਨ (Macmillan) ਵੈਲਫੇਅਰ ਬੈਨਿਫਿਟਸ ਮੈਨੇਜਰ, ਨੀਥ ਪੋਰਟ ਟਾਲਬੋਟ ਕੌਂਸਲ।

ਕੈਂਸਰ ਤੋਂ ਪ੍ਰਭਾਵਿਤ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਜਿਨ੍ਹਾਂ ਨੇ ਇਸ ਸੰਸਕਰਣ ਦੀ ਸਮੀਖਿਆ ਕੀਤੀ।

ਸਾਡੀ ਸਾਰੀ ਜਾਣਕਾਰੀ, ਸਰਵਸਰੇਸ਼ਠ ਉਪਲਬਧ ਸਬੂਤ ਉੱਤੇ ਆਧਾਰਿਤ ਹੈ। ਸਾਡੇ ਦੁਆਰਾ ਵਰਤੇ ਜਾਂਦੇ ਸਰੋਤਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਨੂੰ ਇੱਥੇ ਸੰਪਰਕ ਕਰੋ bookletfeedback@macmillan.org.uk

Health & care information you can trust
The Information Standard — Certified Member

ਵਿਸ਼ਾ-ਵਸਤੂ ਦੀ ਸਮੀਖਿਆ ਕੀਤੀ ਗਈ: ਸਿਤੰਬਰ 2018

ਅਗਲੀ ਯੋਜਨਾਬੱਧ ਸਮੀਖਿਆ: 2020

ਅਸੀਂ ਇਹ ਯਕੀਨੀ ਬਣਾਉਣ ਦੀ ਹਰ ਕੋਸ਼ਿਸ਼ ਕਰਦੇ ਹਾਂ ਕਿ ਸਾਡੇ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਬਿਲਕੁਲ ਦਰੁਸਤ ਹੋਵੇ ਪਰ ਚਿਕਿਤਸਕੀ ਖੋਜ ਦੀ ਲਗਾਤਾਰ ਬਦਲਣ-ਯੋਗ ਵਰਤਮਾਨ ਸਥਿਤੀ ਨੂੰ ਦਰਸਾਉਣ ਲਈ ਇਸ ਉੱਤੇ ਨਿਰਭਰ ਨਹੀਂ ਹੋਣਾ ਚਾਹੀਦਾ। ਜੇ ਤੁਸੀਂ ਆਪਣੀ ਸਿਹਤ ਨੂੰ ਲੈ ਕੇ ਚਿੰਤਤ ਹੋ, ਤਾਂ ਤੁਹਾਨੂੰ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ। ਮੈਕਮਿਲਨ (Macmillan) ਇਸ ਜਾਣਕਾਰੀ ਜਾਂ ਤੀਜੀ-ਪਾਰਟੀ ਦੀ ਜਾਣਕਾਰੀ ਵਿੱਚ ਕਿਸੇ ਵੀ ਗਲਤੀ ਦੇ ਨਤੀਜੇ ਵਜੋਂ ਹੋਣ ਵਾਲੇ ਨੁਕਸਾਨ ਜਾਂ ਖਰਾਬੀ ਲਈ ਕਿਸੇ ਵੀ ਦੇਣਦਾਰੀ ਨੂੰ ਸਵੀਕਾਰ ਨਹੀਂ ਕਰ ਸਕਦੀ ਜਿਵੇਂ ਕਿ ਵੈਬਸਾਈਟਾਂ ਤੇ ਦਿੱਤੀ ਜਾਣਕਾਰੀ ਜਿਸ ਨਾਲ ਅਸੀਂ ਲਿੰਕ ਹੁੰਦੇ ਹਾਂ।

© ਮੈਕਮਿਲਨ ਕੈਂਸਰ ਸਪੋਰਟ (Macmillan Cancer Support) 2018। ਇੰਗਲੈਂਡ ਅਤੇ ਵੇਲਸ (261017), ਸਕਾਟਲੈਂਡ (SC039907) ਅਤੇ ਆਈਲ ਆਫ ਮੈਨ (604) ਵਿੱਚ ਇੱਕ ਪੰਜੀਕ੍ਰਿਤ ਦਾਨੀ-ਸੰਸਥਾ। ਪੰਜੀਕ੍ਰਿਤ ਦਫ਼ਤਰ 89 Albert Embankment,
London SE1 7UQ.

MAC17423_Punjabi

MACMILLAN CANCER SUPPORT

Financial support – help with costs: Language

# Financial support – help with costs

This information is about help with costs if you have cancer. This information covers:

- Help with transport costs
- Help with prescriptions and other health costs
- Support for parents
- Grants and loans

We hope this fact sheet answers your questions.

You can also call Macmillan Cancer Support on freephone **0808 808 00 00**, Monday to Friday, 9am to 8pm. We have interpreters, so you can speak to us in your own language. When you call us, please tell us in English which language you need (say "xxxxx").

There is more information in other languages at macmillan.org.uk/translations

# Help with transport costs

- If you are on a low income, you may be able to get help with the cost of travelling to hospital for your treatment. You could get a refund on your bus, train or taxi fares. Or you could get money to help pay for petrol. People with cancer will get free parking at most hospitals. Speak to the staff at the hospital for more information.

- There are special rates for bus, coach and train tickets for some older people and people with disabilities. For more information visit **gov.uk** or **indirect.gov.uk**

- If you have problems moving around, you may be able to get a Blue Badge. This means you can park in parking spaces that are closer to where you need to go, such as hospitals or supermarkets. To find out more, visit **gov.uk** or **indirect.gov.uk**

# Help with prescriptions and other health costs

- Prescriptions are free for people with cancer. You will need to fill in a form, which you can get from your GP surgery or hospital.

- In Wales and Northern Ireland, wigs and fabric supports are free for everyone. In England and Scotland, they are free for some people, including children under the age of 16 and people on a low income. Speak to your cancer nurse or doctor for more information.

- The NHS Low Income Scheme helps people on a low income to pay for health costs. This includes help with dental treatment, sight tests and travel to receive treatment. It is run by the NHS, or the Health Service in Northern Ireland.

# Support for parents

- **Childcare vouchers** let you pay for childcare through your salary, before tax and National Insurance are taken out. This saves you money if you need to arrange childcare while you go to appointments or have treatment, or if you feel unwell. You might also be able to get help with childcare costs from a charity or your local council.

- If you have a child at school, they might be able to get free school meals. You might also be able to get help with paying for school clothing, and travel to and from school. Ask your local council for more information.

# Grants and loans

- **Macmillan Grants** are small payments for people who need help with the extra costs that cancer can cause. This might be extra clothing or help to pay heating bills. They are for people who have a low level of income and savings. This means:
    - You have less than £6,000 in savings if you are single, or less than £8,000 as a couple or family.

    - You have a low total income after you have paid rent, mortgage and council tax. This means a weekly income of £170 for a single person, £289 for a couple or household of two people, £85 for each child, and £119 for each additional adult.

- You may also be able to get grants or loans from other sources. For example, charities or your local council might be able to help.

# How Macmillan can help

Macmillan is here to help you and your family. You can get support from:

- The Macmillan Support Line. We have interpreters, so you can speak to us in your language. Just call **0808 808 00 00** from Monday to Friday, 9am to 8pm.

- The Macmillan website. Visit **macmillan.org.uk** for lots of English information about cancer and living with cancer. There is more information in other languages at **macmillan.org.uk/translations**

- Information centres. At an information centre, you can talk to a cancer support specialist and get written information. Find your nearest centre at **macmillan.org.uk/informationcentres** or call us. Your hospital might have a centre.

- Local support groups. Find a group near you at **macmillan.org.uk/supportgroups** or call us.

- The Macmillan Online Community. You can talk to other people in similar situations at **macmillan.org.uk/community**

# More information in [language]

We have information in [language] about these topics:

Types of cancer

- Breast cancer
- Large bowel cancer
- Lung cancer
- Prostate cancer

Treatments

- Chemotherapy
- Radiotherapy
- Surgery

Coping with cancer

- If you’re diagnosed with cancer – a quick guide
- Eating problems and cancer
- End of life
- Healthy eating
- Tiredness (fatigue) and cancer
- Side effects of cancer treatment
- What you can do to help yourself
- Money and cancer – Benefits

To see this information, go to **macmillan.org.uk/translations**

Speak to us in [language]

You can call Macmillan free on **0808 808 00 00** and speak to us in your own language through an interpreter. You can talk to us about your worries and ask medical questions. Just tell us, in English, the language you want to use.

We are open Monday to Friday, 9am to 8pm.

## References and thanks

This information has been written and edited by Macmillan Cancer Support's Cancer Information Development team.

This information is based on the Macmillan booklet *Help with the cost of cancer*. We can send you a copy, but the full booklet is only available in English.

This information has been reviewed by relevant experts and approved by Neal Southwick, Macmillan Financial Support Programme Lead.

With thanks to: Roy Beeson, Advice Service Manager, Disability Solutions West Midlands; Justine Burton, Macmillan Welfare Rights Team Technical Lead; Denise Forde, Macmillan Welfare Rights Adviser, Anthony Martin, Macmillan Benefit Service Partnerships Manager; Andrew Montgomery, Macmillan Benefit Service Partnerships Manager; and Tina Smith, Macmillan Welfare Benefits Manager, Neath Port Talbot Council.

Thanks also to the people affected by cancer who reviewed this edition.

All our information is based on the best evidence available. For more information about the sources we use, please contact us at bookletfeedback@macmillan.org.uk

Health & care information you can trust
The Information Standard Certified Member

Content reviewed: September 2018

Next planned review: 2020

We make every effort to ensure that the information we provide is accurate but it should not be relied upon to reflect the current state of medical research, which is constantly changing. If you are concerned about your health, you should consult your doctor. Macmillan cannot accept liability for any loss or damage resulting from any inaccuracy in this information or third-party information such as information on websites to which we link.

© Macmillan Cancer Support 2018. Registered charity in England and Wales (261017), Scotland (SC039907) and the Isle of Man (604). Registered office 89 Albert Embankment, London SE1 7UQ.

MAC17423_Language